# CERTIFICATE PROGRAMME IN FOOD AND NUTRITION (CFN)

## Term-End Examination

## December, 2024

### CFN-3 : ECONOMICS OF FOOD

*Time : 3 Hours* *Maximum Marks : 100*

ਛਪੇ ਹੋਏ (ਪ੍ਰਕਾਸ਼ਿਤ) ਪੰਨਿਆਂ ਦੀ ਸੰਖਿਆ : 4 CFN-3

**ਸਰਟੀਫਿਕੇਟ ਪ੍ਰੋਗਰਾਮ ਇਨ ਫੂਡ ਐਂਡ ਨਿਯੂਟ੍ਰੀਸ਼ਨ (ਭੋਜਨ ਅਤੇ ਪੋਸ਼ਣ ਬਾਰੇ ਸਰਟੀਫਿਕੇਟ ਪ੍ਰੋਗਰਾਮ) (CFN)**

ਟਰਮ-ਐਂਡ ਪ੍ਰੀਖਿਆ

ਦਸੰਬਰ-2024

**CFN-3 : ਭੋਜਨ ਦਾ ਅਰਥਸ਼ਾਸਤਰ**

*ਸਮਾਂ : 3 ਘੰਟੇ* *ਵੱਧ ਤੋਂ ਵੱਧ ਅੰਕ : 100*

***ਨੋਟ :*** *ਕੁਲ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ। ਪ੍ਰਸ਼ਨ ਨੰ 1 ਲਾਜ਼ਮੀ ਹੈ। ਸਾਰੇ ਪ੍ਰਸ਼ਨਾਂ ਦੇ ਬਰਾਬਰ ਅੰਕ ਹਨ।*





1. (a) ਉਹਨਾਂ ਦੋ ਕਾਰਕਾਂ ਬਾਰੇ ਦੱਸੋ ਜਿਹਨਾਂ 'ਤੇ ਭੋਜਨ ਦਾ ਖਰਚ ਨਿਰਭਰ ਕਰਦਾ ਹੈ। 2

   (b) 'ਕੀਮਤ ਸੂਚਕਅੰਕ ਤੋਂ ਤੁਸੀਂ ਕੀ ਸਮਝਦੇ ਹੋ? ਇੱਕ ਉਦਾਹਰਣ ਦੀ ਮਦਦ ਨਾਲ ਸਮਝਾਓ। 4

   (c) ਭੋਜਨਾਂ ਦੇ ਉਤਪਾਦਨ ਲਈ ਸਭ ਤੋਂ ਮਹੱਤਵਪੂਰਣ ਜ਼ਰੂਰਤ ਦੇ ਅਧਾਰ 'ਤੇ ਇਹਨਾਂ ਦਾ ਤਿੰਨ-ਸਮੂਹ ਵਰਗੀਕਰਣ ਕਰੋ। 3

   (d) ਇੱਕ ਰਸੋਈ ਬਗੀਚੇ ਦੀ ਯੋਜਨਾ ਬਣਾਉਂਦੇ ਸਮੇਂ ਬਾਰ੍ਹਾਂਮਾਸੀ ਪੌਦਿਆਂ ਅਤੇ ਮੌਸਮੀ ਫ਼ਸਲਾਂ ਦਰਮਿਆਨ ਲੋੜੀਂਦੀ ਥਾਂ ਬਾਰੇ ਦੱਸੋ। 2

   (e) ਟੀਪੀਡੀਐਸ ਦੁਆਰਾ ਵਿਕਰੀ ਲਈ ਪਛਾਣੀਆਂ ਗਈਆਂ ਕਿਸੇ ਚਾਰ ਵਸਤਾਂ ਦੀ ਸੂਚੀ ਬਣਾਓ। 2

   (f) ਬਫਰ ਸਟੱਾਕ ਤੋਂ ਤੁਸੀਂ ਕੀ ਸਮਝਦੇ ਹੋ? 2

   (g) ਏਟੀਐਮਏ ਕੀ ਹੈ? 2

   (h) ਪ੍ਰਧਾਨ ਮੰਤਰੀ ਦੀ ਗ੍ਰਾਮੋਦਯਾ ਯੋਜਨਾ ਕੀ ਹੈ? ਇਸਦੇ ਉਦੇਸ਼ਾਂ, ਲਾਭਪਾਤਰਾਂ ਅਤੇ ਪ੍ਰੋਗਰਾਮ ਭਾਗਾਂ ਦੀ ਸੂਚੀ ਬਣਾਓ। 3

2. (a) ਤੁਸੀਂ ਪੋਲਟਰੀ (ਮੁਰਗੀ ਪਾਲਣ) ਉੱਦਮ ਤੋਂ ਕੀ ਸਮਝਦੇ ਹੋ? ਛੋਟੇ ਜਾਂ ਮੱਧਮ ਆਕਾਰ ਦੇ ਫਾਰਮਾਂ ਵਿਖੇ ਮੁਰਗੀ ਪਾਲਣ ਦੇ ਫਾਇਦਿਆਂ ਦੀ ਸੂਚੀ ਬਣਾਓ? ਪੋਲਟਰੀ ਫਾਰਮ ਤੋਂ ਪ੍ਰਾਪਤ ਹੋਣ ਵਾਲੇ ਉਤਪਾਦਾਂ ਬਾਰੇ ਦੱਸੋ। 2+3+5

   (b) ਆਪਰੇਸ਼ਨ ਫਲੱਡ ਕੀ ਹੈ? ਇਸ ਪ੍ਰੋਗਰਾਮ ਦੀਆਂ ਵੱਖ-ਵੱਖ ਗਤੀਵਿਧੀਆਂ/ਪੜਾਵਾਂ ਬਾਰੇ ਚਰਚਾ ਕਰੋ। 10

3. (a) ਰਾਸ਼ਟਰੀ ਖੇਤੀਬਾੜੀ ਨੀਤੀਦੇ ਉਦੇਸ਼ਾਂ ਅਤੇ ਭਾਗਾਂ 'ਤੇ ਚਾਨਣਾ ਪਾਉਂਦੇ ਹੋਏ ਇਸਦੇ ਬਾਰੇ ਦੱਸੋ। 8
   (b) ਖੇਤੀਬਾੜੀ ਲਈ ਲੋੜੀਂਦੇ ਵੱਖ-ਵੱਖ ਸਰੋਤ ਕਿਹੜੇ ਹਨ? ਸੰਖੇਪ ਵਿੱਚ ਦੱਸੋ। 8
   (c) ਖਪਤਕਾਰਾਂ ਨੂੰ ਖੇਤੀਬਾੜੀ ਸੈਕਟਰ ਲਈ ਦਿੱਤੀਆਂ ਜਾਂਦੀਆਂ ਸਬਸਿਡੀਆਂ ਤੋਂ ਕਿਵੇਂ ਫਾਇਦਾ ਹੁੰਦਾ ਹੈ। 4

4. (a) ਪੀਡੀਐਸ/ਟੀਪੀਡੀਐਸ ਦੇ ਕੰਮ ਅਤੇ ਖਪਤਕਾਰਾਂ ਨੂੰ ਇਹਨਾਂ ਦੇ ਲਾਭਾਂ ਦੀ ਵਿਆਖਿਆ ਕਰਦੇ ਹੋਏ ਪੀਡੀਐਸ ਅਤੇ ਟੀਪੀਡੀਐਸ ਦਰਮਿਆਨ ਅੰਤਰ ਕਰੋ। 10
   (b) ਇੱਕ ਮਾਡਲ ਰਸੋਈ ਬਗੀਚੇ (ਕਿਚਨ ਗਾਰਡਨ) ਨੂੰ ਦਰਸਾਉਂਦੇ ਹੋਏ ਰਸੋਈ ਬਗੀਚੇ (ਕਿਚਨ ਗਾਰਡਨ) ਦੀ ਧਾਰਨਾ ਦੀ ਵਿਆਖਿਆ ਕਰੋ ਅਤੇ ਇਸਦੀ ਵਰਤੋਂ ਅਤੇ ਧਾਰਨਾ 'ਤੇ ਚਾਨਣਾ ਪਾਓ। 10

5. (a) ਸਾਡੇ ਦੇਸ਼ ਵਿੱਚ ਜਨਤਕ ਸਿਹਤ ਮਹੱਤਵ ਦੇ ਪੋਸ਼ਣ ਦੀ ਕਮੀ ਸੰਬੰਧੀ ਆਮ ਰੋਗ ਕੀ ਹਨ? ਸਾਡੇ ਦੇਸ਼ ਵਿੱਚ ਪੋਸ਼ਣ ਦੀ ਕਮੀ 'ਤੇ ਕੰਟਰੋਲ ਕਰਨ ਬਾਰੇ ਕਿਸੇ ਦੋ ਪ੍ਰੋਗਰਾਮਾਂ ਬਾਰੇ ਵਿਸਤਾਰ ਵਿੱਚ ਵਰਨਣ ਕਰੋ। 2+6+6
   (b) ਮਿਲਾਵਟ ਨੂੰ ਪਰਿਭਾਸ਼ਿਤ ਕਰੋ। ਖਪਤਕਾਰ ਨੂੰ ਮਿਲਾਵਟੀ ਭੋਜਨ ਖਰੀਦਣ ਤੋਂ ਬਚਣ ਲਈ ਕੀ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। 2+4





6. (a) ਮੱਛੀਪਾਲਣ ਨੂੰ ਪਰਿਭਾਸ਼ਿਤ ਕਰੋ। ਭਾਰਤ ਵਿੱਚ ਮੱਛੀ ਪਾਲਣ ਦੇ ਵਿਕਾਸ ਲਈ ਕੇਂਦਰ ਅਤੇ ਰਾਜ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਕੀ ਹਨ? 2+8
   (b) ਭਾਰਤ ਦੀਆਂ ਮੁਰਗੀ ਪਾਲਣ ਅਤੇ ਮੱਛੀਪਾਲਣ ਸਹਿਕਾਰੀ ਸਭਾਵਾਂ ਬਾਰੇ ਸੰਖੇਪ ਟ੍ਰਟ ਲਿਖੋ। ਇਸਦੇ ਲਾਭਾਂ 'ਤੇ ਖਾਨਣਾ ਪਾਓ। 10

7. (a) ਹੇਠ ਲਿਖੇ ਪ੍ਰੋਗਰਾਮਾਂ ਦੇ ਉਦੇਸ਼ਾਂ ਅਤੇ ਭਾਗਾਂ ਦੀ ਸੰਖੇਪ ਵਿਆਖਿਆ ਕਰੋ: 6+6
      (i) ICDS
      (ii) ਮਿਡ-ਡੇਅ ਮੀਲ ਸਕੀਮ
   (b) ਭੋਜਨ ਸੁਰੱਖਿਆ ਦੇ ਸੰਬੰਧ ਵਿੱਚ ਸਾਡੇ ਦੇਸ਼ ਵਿੱਚ ਪ੍ਰਚਲਿਤ ਕਾਨੂੰਨਾਂ ਅਤੇ ਮਿਆਰਾਂ ਦਾ ਸੰਖੇਪ ਜਾਇਜ਼ਾ ਪੇਸ਼ ਕਰੋ। 8

8. ਹੇਠ ਲਿਖਿਆਂ ਵਿੱਚੋਂ ਕਿਸੇ ਚਾਰ 'ਤੇ ਸੰਖੇਪ ਨੋਟ ਲਿਖੋ :5+5+5+5
   (a) ਖਪਤਕਾਰ ਨੂੰ ਸਿਖਿਅਤ ਕਰਨ ਲਈ ਖਪਤਕਾਰ ਸੁਰੱਖਆ ਸਮੂਹਾਂ ਦੀ ਭੂਮਿਕਾ
   (b) ਖਪਤਕਾਰ ਸੁਰੱਖਿਆ ਕਾਨੂੰਨ
   (c) ਭੋਜਨ ਬਜਟ ਦੀ ਤਿਆਰੀ
   (d) ਭੋਜਨ ਸਬਸਿਡੀਆਂ
   (e) ਮੱਛੀ ਤੋਂ ਉਤਪਾਦ